IT & C Branch
Diary No. 25108
Dated 26/9/18

# ਗਰੇਟਰ ਮੋਹਾਲੀ ਏਰੀਆ ਡਿਵੈੱਲਪਮੈਂਟ ਅਥਾਰਟੀ

## ਪੁੱਡਾ ਭਵਨ, ਸੈਕਟਰ-62, ਐੱਸ.ਏ.ਐੱਸ. ਨਗਰ

GMADA

### ਦਫਤਰੀ ਹੁਕਮ

ਪਲਾਟ ਨੰ: ਸੀ-71, ਫੇਜ-6, ਇੰਡਸਟਰੀਅਲ ਏਰੀਆ, ਐਸ.ਏ.ਐਸ.ਨਗਰ ਦੀ ਅਲਾਟਮੈਂਟ ਇਸ ਦਫਤਰ ਵੱਲੋਂ ਸ੍ਰੀ ਸਤੀਸ਼ ਕੁਮਾਰ ਤਲਵਾਰ ਨੂੰ ' ਕੀਤੀ ਗਈ ਸੀ। ਅਲਾਟਮੈਂਟ ਪੱਤਰ ਦੀਆਂ ਸ਼ਰਤਾਂ ਅਨੁਸਾਰ ਇਹ ਪਲਾਟ ਉਦਯੋਗਿਕ ਮੰਤਵ ਲਈ ਵਰਤਿਆ ਜਾਣਾ ਸੀ । ਆਪ ਪੰਜਾਬ ਰਿਜਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ 1995 ਅਧੀਨ ਬਣੇ ਰੂਲ/ਰੈਗੂਲੇਸ਼ਨਜ ਨੂੰ ਮੰਨਣ ਦੇ ਪਾਬੰਦ ਸੀ ਪ੍ਰੰਤੂ ਫੀਲਡ ਸਟਾਫ ਦੀ ਰਿਪੋਰਟ ਅਨੁਸਾਰ ਆਪ ਵੱਲੋਂ ਹੇਠ ਲਿਖੇ ਅਨੁਸਾਰ ਅਲਾਟਮੈਂਟ ਪੱਤਰ ਦੀਆਂ ਸ਼ਰਤਾ ਦੀ ਉਲੰਘਣਾ ਕੀਤੀ ਜਾ ਰਹੀ ਹੈ:-

1. ਬੈਕ ਗੇਟ ਰੱਖਿਆ ਹੋਇਆ, ਬੰਦ ਕੀਤਾ ਜਾਵੇ।
2. ਪਿਛਲੇ ਪਾਸੇ ਪਬਲਿਕ ਮੇਨ ਰੋਡ ਵੱਲ ਪੈਂਦੇ ਕੋਰਟਯਾਰਡ ਦੀ ਵਪਾਰਕ ਵਰਤੋਂ ਕੀਤੀ ਜਾ ਰਹੀ ਹੈ।

ਇਸ ਸਬੰਧ ਵਿੱਚ ਆਪ ਨੂੰ ਇਸ ਦਫਤਰ ਵੱਲੋਂ ਪੱਤਰ ਨੰ: 30166 ਮਿਤੀ 03-07-2018 ਰਾਹੀਂ ਸ਼ੋ ਕਾਜ ਨੋਟਿਸ ਜਾਰੀ ਕੀਤਾ ਗਿਆ ਸੀ ਪ੍ਰੰਤੂ ਆਪ ਵੱਲੋਂ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ । ਇਸ ਉਪਰੰਤ ਆਪ ਨੂੰ ਨਿੱਜੀ ਸੁਣਵਾਈ ਦੇ ਕਈ ਮੌਕੇ ਦਿੱਤੇ ਗਏ ਪ੍ਰੰਤੂ ਆਪ ਦਫਤਰ ਹਾਜਰ ਨਹੀਂ ਅਤੇ ਨਾ ਹੀ ਆਪ ਦਾ ਕੋਈ ਨੁਮਾਇੰਦਾ ਹਾਜਰ ਹੋਇਆ ਅਤੇ ਨਾ ਹੀ ਲਿਖਤੀ ਰੂਪ ਵਿੱਚ ਕੋਈ ਜਵਾਬ ਦਿੱਤਾ ਗਿਆ। ਇਸ ਉਪਰੰਤ ਆਪ ਨੂੰ ਮਿਤੀ 20-09-2018 ਨੂੰ ਨਿੱਜੀ ਸੁਣਵਾਈ ਦਾ ਨੋਟਿਸ ਪ੍ਰੋਸੈਸ ਸਰਵਰ ਰਾਹੀਂ ਪੇਸਟ ਆਪ ਦੇ ਦਰਵਾਜੇ ਤੇ ਪੇਸਟ ਕਰਵਾਇਆ ਗਿਆ ਪ੍ਰੰਤੂ ਫਿਰ ਵੀ ਆਪ ਨਿੱਜੀ ਸੁਣਵਾਈ ਤੇ ਹਾਜਰ ਨਹੀਂ ਹੋਏ ਅਤੇ ਨਾ ਹੀ ਕੋਈ ਲਿਖਤੀ ਰੂਪ ਵਿੱਚ ਜਵਾਬ ਭੇਜਿਆ ਗਿਆ। ਜਾਪਦਾ ਹੈ ਕਿ ਆਪ ਪਲਾਟ ਵਿਚੋਂ ਅਣਅਧਿਕਾਰਤ ਉਸਾਰੀ ਅਤੇ ਵਪਾਰਕ ਵਰਤੋ ਖਤਮ ਨਹੀਂ ਕਰਨਾ ਚਾਹੁੰਦਾ।

ਉਪਰੋਕਤ ਤੱਥਾਂ ਦੇ ਮੱਦੇ ਨਜ਼ਰ ਮੈ ਮਹੇਸ਼ ਬਾਂਸਲ ਮਿਲਖ ਅਫਸਰ(ਹ) ਗਮਾਡਾ, ਐਸ.ਏ.ਐਸ ਨਗਰ ਪੰਜਾਬ ਰਿਜਨਲ ਟਾਊਨ ਪਲੈਨਿੰਗ ਐਕਟ 1995 ਦੀ ਧਾਰਾ 45 (3) ਅਧੀਨ ਪਲਾਟ ਨੰ. ਸੀ-81, ਫੇਜ-6, ਇੰਡਸਟਰੀਅਲ ਏਰੀਆ ਐਸ.ਏ.ਐਸ ਨਗਰ ਦੀ ਅਲਾਟਮੈਂਟ ਮਨਸੂਖ ਕਰਕੇ ਕੁੱਲ consideration money ਸਮੇਤ ਵਿਆਜ/ਪਨੈਲਟੀ ਆਦਿ ਦੇ 10% ਹਿੱਸਾ ਗਮਾਡਾ ਦੇ ਹੱਕ ਵਿੱਚ ਜਬਤ ਕਰਨ ਦੇ ਹੁਕਮ ਦਿੰਦਾ ਹਾਂ।

ਮਿਤੀ: 21-09-2018
ਸਥਾਨ: ਐਸ.ਏ.ਐਸ.ਨਗਰ।

ਮਹੇਸ਼ ਬਾਂਸਲ
ਮਿਲਖ ਅਫਸਰ(ਹਾਊਸਿੰਗ),
ਗਮਾਡਾ, ਐਸ.ਏ.ਐਸ.ਨਗਰ।

ਪਿੱਠ ਅੰਕਣ ਨੰ:ਮਿ:ਅ:(ਹ)/ਗਮਾਡਾ/2017/ 42774 ਮਿਤੀ: 21-09-2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) Sh. Satish Kumar Talwar,, Plot No. C-71, Phase-6, Industrial Area, SAS Nagar.
2) ਜੀ.ਐਮ.(ਆਈ.ਟੀ.ਐਂਡ ਸੀ), ਗਮਾਡਾ, ਐਸ.ਏ.ਐਸ.ਨਗਰ।
3) ਸੀਨੀਅਰ ਲਾਅ ਅਫਸਰ, ਗਮਾਡਾ, ਐਸ.ਏ.ਐਸ.ਨਗਰ।
4) ਲੇਖਾ ਅਫਸਰ(ਆਰ) ਦਫਤਰ ਮਿਲਖ ਅਫਸਰ, ਗਮਾਡਾ, ਐਸ.ਏ.ਐਸ.ਨਗਰ।

ਮਿਲਖ ਅਫਸਰ(ਹਾਊਸਿੰਗ),
ਗਮਾਡਾ, ਐਸ.ਏ.ਐਸ.ਨਗਰ